# ਸ. ਪਰਤਾਪ ਸਿੰਘ ਕੈਰੋਂ ਤੇ ਗ਼ਦਰੀ-ਕਿਰਤੀ ਲਹਿਰ

ਪੇਸ਼ਕਾਰ: ਮਲਵਿੰਦਰ ਜੀਤ ਸਿੰਘ ਵੜੈਚ*

(ਡਾਇਰੈਕਟਰ ਇੰਟੈਲੀਜੈਂਸ ਬਿਊਰੋ, ਹੋਮ ਡਿਪਾਰਟਮੈਂਟ, ਗੌਰਮਿੰਟ ਔਫ਼ ਇੰਡੀਆ ਦੁਆਰਾ 27 ਮਾਰਚ 1934 ਨੂੰ ਸੰਪਾਦਤ ਖ਼ੁਫ਼ੀਆ ਰਿਪੋਰਟ ਅੰਦਰ ਸਰਦਾਰ ਪਰਤਾਪ ਸਿੰਘ ਕੈਰੋਂ ਬਾਰੇ ਦਿੱਤੀ ਹੋਈ ਜਾਣਕਾਰੀ)

ਪਰਤਾਪ ਸਿੰਘ ਐਮ.ਏ. ਸਪੁੱਤਰ ਭਾਈ ਨਿਹਾਲ ਸਿੰਘ, ਜੱਟ, ਪਿੰਡ ਕੈਰੋਂ, ਥਾਣਾ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ਬਾਹਰਵੀਂ ਜਮਾਤ 1920 'ਚ, ਖਾਲਸਾ ਕਾਲਿਜੀਏਟ ਸਕੂਲ ਅੰਮ੍ਰਿਤਸਰੋਂ ਪਾਸ ਕਰਕੇ, ਉਚੇਰੀ ਪੜ੍ਹਾਈ ਲਈ ਅਮਰੀਕਾ ਗਿਆ। ਓਹਨੇ ਪਹਿਲਾਂ ਕੈਲੇਫੋਰਨੀਆ ਯੂਨੀਵਰਸਿਟੀ 'ਚ ਪੜ੍ਹਾਈ ਕੀਤੀ ਤੇ ਮਗਰੋਂ ਮਿਸ਼ੀਗਨ ਯੂਨੀਵਰਸਿਟੀ ਜਾਕੇ 1928 'ਚ ਐਮ.ਏ. ਦੀ ਡਿਗਰੀ ਲਈ ਸੀ। ਅਮਰੀਕਾ ਰਹਿੰਦੇ ਹੋਏ ਓਹ ਗ਼ਦਰ ਪਾਰਟੀ ਦਾ ਉਘਾ ਵਰਕਰ ਬਣ ਗਿਆ। 9 ਜੁਲਾਈ 1921 ਨੂੰ ਸਟਾਕਟਨ ਦੇ ਗੁਰਦੁਆਰੇ 'ਚ ਉਸ ਨੇ ਨਨਕਾਣਾ ਸਾਹਿਬ ਦੇ ਸਾਕੇ 'ਚ ਸ਼ਹੀਦ ਹੋਏ ਸਿੱਖਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਅੰਗ੍ਰੇਜ਼ੀ ਰਾਜ ਦੀ ਨਿਖੇਧੀ ਕੀਤੀ ਅਤੇ ਓਸੇ ਜਗ੍ਹਾ 15 ਨਵੰਬਰ 1921 ਨੂੰ ਇੱਕ ਹੋਰ ਇਕੱਠ ਨੂੰ ਸੰਬੋਧਨ ਦੌਰਾਨ ਸਿੱਖਾਂ ਨੂੰ ਜਾਬਰਾਂ ਵਿਰੁੱਧ ਸੰਘਰਸ਼ ਲਈ ਸੱਦਾ ਦਿੱਤਾ। ਸਾਲ 1921 ਦੇ ਅਖ਼ੀਰ 'ਚ ਓਹ ਗ਼ਦਰ ਪਾਰਟੀ ਦੀ ਸਟਾਕਟਨ ਇਕਾਈ ਦੀ ਕਮੇਟੀ 'ਚ ਲੈ ਲਿਆ ਗਿਆ। ਅਗਸਤ 1922 'ਚ ਓਹਨੂੰ 'ਗ਼ਦਰ' ਰਸਾਲਾ, ਜੋ ਕੁੱਝ ਚਿਰ ਤੋਂ ਪੈਸੇ ਦੀ ਥੁੜ ਕਾਰਨ ਬੰਦ ਪਿਆ ਸੀ, ਦੋਬਾਰਾ ਜਾਰੀ ਕਰਨ ਹਿਤ ਗਠਤ ਜਨਰਲ ਗ਼ਦਰ ਕਮੇਟੀ ਲਈ ਚੁਣ ਲਿਆ ਗਿਆ। 1922 ਦੇ ਅਖੀਰ ਵੇਲੇ ਉਹਨੂੰ ਗ਼ਦਰ ਪਾਰਟੀ ਦਾ ਉਹਦੇਦਾਰ ਚੁਣ ਲਿਆ ਗਿਆ।

1929 ਦੌਰਾਨ ਭਾਰਤ ਪਰਤ ਕੇ ਦਿੱਲੀ ਵਿਖੇ ਦਰਬਾਰਾ ਸਿੰਘ ਸੋਢੀ ਨਾਲ ਰਲ੍ਹਕੇ ਰੈਸਟੋਰੈਂਟ ਚਲਾਉਣ ਦੀ ਨਾਕਾਮ ਕੋਸ਼ਿਸ਼ ਪਿਛੋਂ ਅੰਮ੍ਰਿਤਸਰ ਪੁਜਾ ਜਿੱਥੇ ਓਹਨੇ ਦਰਬਾਰਾ ਸਿੰਘ ਸੋਢੀ ਨਾਲ ਮਿਲਕੇ 'ਨਵਾਂ ਯੁਗ' (*New Era*) ਨਾਂ ਦਾ ਰਸਾਲਾ ਕੱਢਿਆ, ਜਿਸਦਾ ਓਹ ਸੰਪਾਦਕ ਤੇ ਦਰਬਾਰਾ ਸਿੰਘ ਸਹਿ-ਸੰਪਾਕਦ ਸੀ। ਓਹਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਕਈ ਰਾਜਸੀ ਦੀਵਾਨਾਂ 'ਚ ਭਾਸ਼ਨ ਦਿੱਤੇ ਅਤੇ ਕਰਾਚੀ ਕਾਂਗਰਸ ਸੈਸ਼ਨ ਵੇਲੇ ਕਿਰਤੀ-ਕਿਸਾਨ ਜਲਸੇ 'ਚ ਵੀ ਤਕਰੀਰ ਕੀਤੀ। ਕਿਰਤੀ ਗਰੁਪ ਵਾਲੇ ਉਸ ਦੀਆਂ ਸੇਵਾਵਾਂ ਆਪਣੇ ਨਵੇਂ ਰਸਾਲੇ ਬਾਰੇ ਲੈਣੀਆਂ ਚਾਹੁੰਦੇ ਸੀ, ਜਿਹੜਾ ਓਹ ਜਾਰੀ ਕਰਨਾ ਚਾਹੁੰਦੇ ਸਨ। ਹਾਲਾਂਕਿ 'ਨਵਾਂ ਯੁਗ' ਇੱਕ ਆਜ਼ਾਦ ਨੀਤੀ ਨਾਲ ਸ਼ੁਰੂ ਹੋਇਆ, ਪਰ ਕੁਝ ਕੁ ਚਿਰ ਪਿੱਛੋਂ ਹੀ ਇਹ ਕਿਰਤੀ-ਕਿਸਾਨ ਅਤੇ ਗ਼ਦਰ (ਲਹਿਰ) ਦਾ ਬੁਲਾਰਾ ਹੋ ਨਿਬੜਿਆ ਸੀ। ਅਪ੍ਰੈਲ 1931 ਦੇ ਅੱਧ-ਵਿਚਾਲੇ ਪੰਜਾਬ

---

* ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109, ਫੋਨ: 0172-2556314,
ਈਮੇਲ: mjswaraich29@gmail.com

ਕਿਰਤੀ-ਕਿਸਾਨ ਪਾਰਟੀ ਨੇ ਓਸਨੂੰ, ਅੰਗ੍ਰੇਜ਼ੀ ਰਸਾਲੇ 'ਚੜ੍ਹਦੇ ਸੂਰਜ' (*The Sunrise*) ਦੀ ਸੰਪਾਦਨਾ ਦੀ ਜ਼ਿਮੇਵਾਰੀ ਸੌਂਪ ਦਿੱਤੀ। ਲਗਭਗ ਓਸੇ ਦੌਰਾਨ ਹੀ ਓਹ ਰਾਜਸੀ ਕੈਦੀ ਛੁੜਾਊ ਕਮੇਟੀ, ਅੰਮ੍ਰਿਤਸਰ ਦਾ ਸਕੱਤਰ ਵੀ ਸੀ। ਓਹਨੇ 21 ਮਾਰਚ 1931 ਨੂੰ (ਭਾਰਤ 'ਚ ਇੱਕ ਪੁਲਿਸ ਅਧਿਕਾਰੀ ਦੇ ਕਾਤਲ) ਭਗਤ ਸਿੰਘ ਅਤੇ ਓਹਦੇ ਦੋ ਸਾਥੀਆਂ ਨੂੰ ਫਾਂਸੀ ਦਿੱਤੇ ਜਾਣ ਵਿਰੁੱਧ ਭੜਕਾਊ ਭਾਸ਼ਨ ਦਿੱਤਾ ਅਤੇ ਗਾਂਧੀ-ਇਰਵਨ ਸਮਝੌਤ ਨੂੰ ਵੀ ਭੰਡਿਆ ਸੀ।

ਅਗਸਤ 1931 'ਚ ਓਹਨੇ ਖਾਲਸਾ ਅਮੇਰੀਕਨ ਫੈਡਰੇਸ਼ਨ ਨਾਂ ਵਾਲੀ ਨਵੀਂ ਜਥੇਬੰਦੀ ਬਣਾਈ, ਜਿਹਦਾ ਉਦੇਸ਼ ਪੰਜਾਬ ਦੇ ਸਿੱਖਾਂ ਦੇ ਰਾਜਸੀ ਹੱਕਾਂ ਦੀ ਰੱਖਿਆ ਕਰਨਾ ਸੀ। ਸਤੰਬਰ 1931 ਦੌਰਾਨ ਓਸਨੇ ਪ੍ਰੈਸ ਬਿੱਲ (Press Bill) ਵਿਰੁੱਧ ਐਜੀਟੇਸ਼ਨ ਵਿਢੱਣ ਦਾ ਓਪਰਾਲਾ ਕੀਤਾ। ਅਪ੍ਰੈਲ 1932 ਨੂੰ ਅੰਮ੍ਰਿਤਸਰ 'ਚ ਸੈਂਟ੍ਰਲ ਸਿੱਖ ਲੀਗ ਦੀ ਕਾਰਜਕਾਰੀ ਕਮੇਟੀ ਦੀ ਬੈਠਕ 'ਚ ਓਹ ਮੌਜੂਦ ਸੀ। ਓਹ ਅਮਰੀਕਾ ਤੋਂ ਕਿਰਤੀ ਹਸਪਤਾਲ (ਜ ਸਥਾਪਤ ਨਹੀਂ ਸੀ ਹੋ ਸਕਿਆ) ਬਨਾਉਣ ਲਈ, ਭਗਤ ਸਿੰਘ ਥਿੰਡ ਅਤੇ ਸਿਸਟਰ ਰੋਜ਼ ਵੱਲੋਂ 40,000/- ਰੁਪਿਆਂ ਵਾਲੀ ਰਕਮ ਦੇ ਟਰੱਸਟੀਆਂ 'ਚ ਸ਼ਾਮਲ ਸੀ। 4 ਜੂਨ 1932 ਨੂੰ ਓਹ ਧਾਰਾ 17(2), CLA Act ਤਹਿਤ ਗਿਫ਼ਤਾਰ ਕਰ ਲਿਆ ਗਿਆ ਅਤੇ ਉਹਨੂੰ ਤਿੰਨ ਸਾਲ ਸਖ਼ਤ ਕੈਦ ਤੇ 300 ਰੁਪੈ ਜ਼ੁਰਮਾਨੇ ਦੀ ਸਜ਼ਾ ਹੋਈ ਅਤੇ ਨਾਲ ਧਾਰਾ 224 ਆਈ.ਪੀ.ਸੀ. ਤਹਿਤ ਓਸਨੂੰ ਦੋ ਸਾਲ ਦੀ ਸਖ਼ਤ ਕੈਦ ਤੇ 200 ਰਪੈ ਜੁਰਮਾਨਾ ਦੀ ਸਜ਼ਾ ਸੁਨਾਈ ਗਈ। ਇਹ ਦੋਵੇਂ ਕੈਦਾਂ ਨਾਲੋਂ-ਨਾਲ ਚਲਣੀਆਂ ਸਨ, ਪਰ ਹਾਈ ਕੋਰਟ 'ਚ ਅਪੀਲ ਰਾਹੀਂ ਓਹ ਬਰੀ ਹੋ ਗਿਆ। 4 ਦਸੰਬਰ 1932 ਨੂੰ ਓਹ ਮਜ਼ਦੂਰ ਕਿਸਾਨ ਸਭਾ ਦਾ ਸਕੱਤਰ ਚੁਣਿਆ ਗਿਆ ਤੇ ਦਸੰਬਰ 1932 ਦੇ ਅੰਤਲੇ ਦਿਨੀਂ ਓਹ (1914-15 ਦੇ) ਕੈਦੀ ਛੁੜਾਊ ਕਮੇਟੀ ਦਾ ਜਨਰਲ ਸਕੱਤਰ ਥਾਪਿਆ ਗਿਆ ਸੀ। ਓਹ ਭਾਗ ਸਿੰਘ ਕੈਨੇਡੀਅਨ, ਕਰਮ ਸਿੰਘ ਚੀਮਾ, ਸੰਤਾ ਸਿੰਘ ਗੰਡੀਵਿੰਡ ਜਹੇ ਬਾਹਰੋਂ ਪਰਤੇ ਵਿਅਕਤੀਆਂ ਅਤੇ ਕਿਰਤੀ-ਕਿਸਾਨ ਵਰਕਰਾਂ ਨਾਲ ਸਪਰਕ ਰੱਖਦਾ ਹੈ।

**ਪਛਾਣ**: ਉਮਰ ਲਗਭਗ 35 ਸਾਲ, ਰੰਗ ਕਣਕ ਵਿੰਨਾ, ਕਦ 5'-7", ਗੱਠਿਆ ਸਰੀਰ ਤੇ ਐਨਕ ਲੱਗੀ ਹੋਈ ਹੈ।

---